
Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parametres of UGC by IJMER)
Volume:14, Issue:7(3), July, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

# ਪੰਜਾਬੀ ਸਟੇਜੀ ਕਵਿਤਾ - ਇਕ ਅਧਿਐਨ

**ਹਰਪ੍ਰੀਤ ਸਿੰਘ ਦੂਆ (ਡਾ.)**

**ਐਸੋਸੀਏਟ ਪ੍ਰੋਫ਼ੈਸਰ**

**ਪੰਜਾਬੀ ਵਿਭਾਗ**

**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਸਟੇਜੀ ਕਾਵਿ ਪਰੰਪਰਾ ਮੁੱਖ ਤੌਰ ਤੇ ਧਾਰਮਿਕ, ਰਾਜਨੀਤਿਕ, ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰੋਮਾਂਟਿਕ ਆਦਿ ਵਿਸ਼ਿਆਂ ਨਾਲ ਸਬੰਧਿਤ ਹੁੰਦੀ ਹੈ। ਧਾਰਮਿਕ ਪਾਸਾਰਾਂ ਨੂੰ ਅਭਿਵਿਅਕਤ ਕਰਦੀ ਇਹ ਕਵਿਤਾ ਵਿਭਿੰਨ ਧਰਮਾਂ ਦੀਆਂ ਮਹਾਨ ਸ਼ਖਸੀਅਤਾਂ ਦੀ ਉਸਤਤ ਕਰਨ ਦੇ ਨਾਲ-ਨਾਲ ਰਹੱਸਵਾਦ ਦੇ ਵਿਭਿੰਨ ਪੱਖਾਂ ਨੂੰ ਵਿਚਾਰਦੀ ਹੈ। ਸਮਕਾਲੀਨ ਸਮੱਸਿਆਵਾਂ ਨਾਲ ਜੁੜਦੀ ਇਹ ਕਾਵਿ ਪਰੰਪਰਾ ਸਮਾਜਿਕ ਤੇ ਆਰਥਿਕ ਨਾ ਬਰਾਬਰੀ, ਭ੍ਰਿਸ਼ਟਾਚਾਰ, ਮਰਦ ਪ੍ਰਧਾਨ ਸਮਾਜ ਵਿਚਲੀ ਔਰਤ ਦੀ ਅਵਸਥਾ, ਸਮਾਜਿਕ ਰਿਸ਼ਤਿਆਂ ਦੀ ਟੁੱਟ ਭੱਜ, ਨਸ਼ੇਬੰਦੀ ਅਤੇ ਹੋਰ ਸਮਾਜਿਕ ਕੁਰੀਤੀਆਂ ਦੀ ਪੇਸ਼ਕਾਰੀ ਕਰਦੀ ਸਮਾਜ ਨੂੰ ਸੁਯੋਗ ਅਗਵਾਈ ਦਿੰਦੀ ਹੈ। ਇਹ ਕਵਿਤਾ ਪੰਜਾਬੀ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਪੱਛਮੀ ਸਭਿਅਤਾ ਦੇ ਮਾਰੂ ਅਸਰ ਤੋਂ ਬਚਾਉਣ ਲਈ ਲੋਕ ਸਮੂਹ ਨੂੰ ਜਾਗ੍ਰਿਤ ਕਰਦੀ ਹੈ। ਗੁਲਾਮੀ ਨੂੰ ਨਫਰਤ ਕਰਦੀ ਇਹ ਕਵਿਤਾ ਅਜ਼ਾਦੀ ਪ੍ਰਾਪਤੀ ਲਈ ਜਨ-ਸਮੂਹ ਨੂੰ ਨਾਲ ਜੋੜਦੀ ਹੈ। ਅੰਗਰੇਜ਼ਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨੂੰ ਗੁਲਾਮੀ ਦਾ ਕਾਰਣ ਮੰਨਦੀ ਹੈ। ਭ੍ਰਿਸ਼ਟ ਰਾਜਨੀਤਿਕ ਆਗੂਆਂ ਨੂੰ ਨਿੰਦਦੀ ਇਹ ਕਾਵਿ ਪਰੰਪਰਾ ਸਿੱਖ ਵਿਰੋਧੀ ਦੰਗਿਆਂ ਉਤੇ ਵੀ ਹੰਝੂ ਕੇਰਦੀ ਹੈ। ਉਪਰੋਕਤ ਵਿਸ਼ਿਆਂ ਤੋਂ ਇਲਾਵਾ ਸੂਖਮ ਭਾਵਾਂ ਦੀ ਅਭਿਵਿਅਕਤੀ ਕਰਦੇ ਰੋਮਾਂਟਿਕ ਵਿਸ਼ੇ ਵੀ ਮਿਲਦੇ ਹਨ। ਇਸ਼ਕ ਹਕੀਕੀ ਦੇ ਨਾਲ-ਨਾਲ ਇਸ਼ਕ ਮਜਾਜ਼ੀ ਦੀਆਂ ਗੱਲਾਂ ਵੀ ਇਹ ਕਵਿਤਾ ਕਰਦੀ ਹੈ।

**Key Words:** ਸਟੇਜੀ ਕਵਿਤਾ, ਗੁਰਮਤਿ, ਮੱਧਕਾਲੀਨ ਪੰਜਾਬੀ ਕਾਵਿ ਸਭਿਆਚਾਰ, ਸੂਫੀ ਕਾਵਿ ਪਰੰਪਰਾ

ਪੰਜਾਬੀ ਸਟੇਜੀ ਕਵਿਤਾ ਆਧੁਨਿਕ ਪੰਜਾਬੀ ਸਾਹਿਤ ਦੀ ਇੱਕ ਮਹੱਤਵਪੂਰਨ ਕਾਵਿਧਾਰਾ ਹੈ। ਇਹ ਕਾਵਿ ਪਰੰਪਰਾ ਆਪਣੀਆਂ ਵਿਸ਼ੇਸ਼ ਕਾਵਿ ਵਿਲੱਖਣਤਾਵਾਂ ਕਾਰਨ ਪੰਜਾਬੀ ਕਾਵਿ ਸਭਿਆਚਾਰ ਦੀ ਰਹਿਨੁਮਾਈ ਕਰਦੀ ਹੈ। ਲੋਕ ਸਮੂਹ ਨਾਲ ਜੁੜੀ ਹੋਣ ਕਾਰਣ ਇਹ ਕਾਵਿਧਾਰਾ ਲੋਕ ਸਮੂਹ ਦੀਆਂ ਸਮਕਾਲੀਨ ਅਤੇ ਵਕਤੀ ਸਮੱਸਿਆਵਾਂ ਨਾਲ ਜੁੜਦੀ ਹੈ। ਯੂਨਾਨ ਅਤੇ ਈਰਾਨ ਦੀ ਸਟੇਜ ਪਰੰਪਰਾ ਤੋਂ ਪ੍ਰਭਾਵਿਤ ਸਟੇਜੀ ਕਾਵਿ ਪਰੰਪਰਾ, ਜੋ ਦੇਵ ਦਰਬਾਰੀ ਕਵਿਤਾ ਅਤੇ ਰਾਜ ਦਰਬਾਰੀ ਕਵਿਤਾ ਦੇ ਰੂਪ ਵਿੱਚ ਮੱਧਕਾਲ ਤੋਂ ਵੀ ਪਹਿਲਾਂ ਮਿਲਦੀ ਹੈ। ਇਸ ਪੁਰਾਤਨ ਸਟੇਜੀ ਕਾਵਿ ਪਰੰਪਰਾ ਵਿੱਚੋਂ ਹੀ ਪੰਜਾਬੀ ਸਟੇਜੀ ਕਵਿਤਾ ਦਾ ਨਿਕਾਸ ਹੋਇਆ। ਮੱਧਕਾਲੀਨ ਪੰਜਾਬੀ ਕਾਵਿ ਸਭਿਆਚਾਰ ਵਿੱਚ ਪੰਜਾਬੀ ਸਟੇਜੀ ਕਵਿਤਾ ਦੇ ਬੀਜ ਰੂਪ ਮਿਲਦੇ ਹਨ। ਭੱਟ, ਢਾਡੀ, ਮਰਾਸੀ, ਕਵੀਸ਼ਰ ਆਦਿ ਲੋਕ ਕਵੀ ਮੇਲਿਆਂ ਦੇ ਅਖਾੜਿਆਂ ਅਤੇ ਪਿੰਡਾਂ ਦੀਆਂ ਸੱਥਾਂ, ਚੁਪਾਲਾਂ ਵਿੱਚ ਕਿੱਸਿਆਂ ਤੇ ਵਾਰਾਂ ਦਾ ਗਾਇਣ ਕਰਦੇ ਸਨ। ਇਸੇ ਤਰ੍ਹਾਂ ਗੁਰਮਤਿ ਕਾਵਿਧਾਰਾ, ਸੂਫੀ ਕਾਵਿ ਪਰੰਪਰਾ ਅਤੇ ਗੁਰੂ ਕਵੀ ਦਰਬਾਰ ਸਟੇਜੀ ਪੰਜਾਬੀ ਕਵਿਤਾ ਦੇ ਪਿਛੋਕੜ ਦਾ ਧਾਰਮਿਕ ਆਧਾਰ ਬਣੇ। ਸਮਾਜ ਨੂੰ ਸੁਯੋਗ ਸੇਧ ਅਤੇ ਅਗਵਾਈ ਦੇਣ ਦੇ ਆਸ਼ੇ ਨਾਲ ਇਹ ਕਵਿਤਾ ਸਮਕਾਲੀਨ ਸਮੱਸਿਆਵਾਂ ਨਾਲ ਜੁੜਦੀ ਵੀ ਨਜ਼ਰ ਆਉਂਦੀ ਹੈ ਅਤੇ ਆਪਣਾ ਸਮਾਜਿਕ ਆਧਾਰ ਵੀ ਸਪੱਸ਼ਟ ਕਰਦੀ ਹੈ।

ਅੰਗਰੇਜ਼ਾਂ ਦੀ ਹਿੰਦੁਸਤਾਨ ਵਿੱਚ ਹੋਈ ਆਮਦ ਨਾਲ ਸਾਹਿਤਿਕ ਅਤੇ ਸਾਂਸਕ੍ਰਿਤਕ ਉੱਨਤੀ ਕਾਰਣ ਪੰਜਾਬੀ ਸਟੇਜੀ ਕਵਿਤਾ ਵੀ ਵਿਕਸਿਤ ਹੋਈ। ਉਰਦੂ ਫਾਰਸੀ ਦੀ ਸ਼ਾਇਰੀ ਨੇ ਵੀ ਇਸ ਕਾਵਿ ਪਰਿਪਾਟੀ ਨੂੰ ਬਹੁਤ ਪ੍ਰਭਾਵਿਤ ਕੀਤਾ। ਇਹ ਕਾਵਿ ਪਰੰਪਰਾ ਵਿਸ਼ੇ ਤੇ ਸ਼ੈਲੀ ਪੱਖੋਂ ਪੱਕੇ ਪੈਰੀ ਖੜ੍ਹੀ ਹੋਈ। ਧਾਰਮਿਕ, ਸਮਾਜਿਕ, ਰਾਜਨੀਤਿਕ ਤੇ ਰੋਮਾਂਟਿਕ ਆਦਿ ਵਿਸ਼ਿਆਂ ਉਪਰ ਸਟੇਜੀ ਕਵੀਆਂ ਨੇ ਆਪਣੀ ਕਲਮ ਚਲਾਈ।

19ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਸਮਾਕਲੀਨ ਰਾਜਨੀਤਿਕ ਸਥਿਤੀਆਂ ਪੈਦਾ ਹੋਈਆਂ ਸਮਾਜਿਕ, ਧਾਰਮਿਕ ਅਤੇ ਆਰਥਿਕ ਲਹਿਰਾਂ ਕਾਰਨ ਸਟੇਜੀ ਕਵਿਤਾ ਹੋਰ ਵੀ ਵਿਕਸਿਤ ਹੋਈ। ਸਿੰਘ ਸਭਾ ਲਹਿਰ, 1907 ਦੀ ਕਿਸਾਨ ਲਹਿਰ, 1913 ਦੀ ਗਦਰੀ ਲਹਿਰ, 1914 ਦਾ ਪਹਿਲਾ ਸੰਸਾਰ ਯੁੱਧ, 1919 ਦਾ ਜਲ੍ਹਿਆਂਵਾਲੇ ਬਾਗ਼ ਦਾ ਖੂਨੀ ਸਾਕਾ, 1920 ਵਿੱਚ ਰੇਲਵੇ ਮਜ਼ਦੂਰਾਂ ਦੀ ਹੜਤਾਲ, 1940 ਦੀ ਕ੍ਰਾਂਤੀਕਾਰੀ ਲਹਿਰ ਆਦਿ ਸਥਿਤੀਆਂ/ਪ੍ਰਸਥਿਤੀਆਂ ਨੇ ਕਵੀ ਦਰਬਾਰਾਂ ਨੂੰ ਵਿਕਸਿਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ।

ਇਸ ਕਾਵਿ ਪਰੰਪਰਾ ਨੇ ਕਵੀ ਦਰਬਾਰਾਂ ਰਾਹੀਂ ਪੰਜਾਬੀ ਕਵਿਤਾ ਨੂੰ ਲੋਕ ਸਮੂਹਾਂ ਦੇ ਨੇੜੇ ਲਿਆਉਣ ਵਿੱਚ ਅਹਿਮ ਯੋਗਦਾਨ ਪਾਇਆ। ਵਿਅਕਤੀ ਵਿਸ਼ੇਸ਼ ਦੀ ਬਜਾਇ ਇਹ ਕਾਵਿ ਪਰਿਪਾਟੀ ਪੰਜਾਬੀ ਜਨ-ਸਮੂਹ ਨਾਲ ਵਧੇਰੇ ਜੁੜੀ ਹੋਈ ਹੈ। ਮੱਧਕਾਲ ਦੇ ਸਮਾਜ ਨੂੰ ਸੁਯੋਗ ਸੇਧ ਅਤੇ ਅਗਵਾਈ ਦੇਣ ਦੇ ਨਾਲ-ਨਾਲ ਪੰਜਾਬੀ ਸਟੇਜੀ ਕਵਿਤਾ ਸਮਾਜਿਕ ਲਹਿਰਾਂ ਅਤੇ ਸੰਗਰਾਮਾਂ ਨੂੰ ਸਫ਼ਲਤਾ ਪ੍ਰਦਾਨ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀ ਹੈ। ਜਨ ਸਧਾਰਨ ਦੇ ਸਾਹਮਣੇ ਜਦੋਂ ਉਹਨਾਂ ਦੀਆਂ ਸਮੱਸਿਆਵਾਂ ਦੀ ਸਿੱਧੇ ਰੂਪ ਵਿੱਚ ਅਭਿਵਿਅਕਤੀ ਕੀਤੀ ਜਾਂਦੀ ਹੈ ਤਾਂ ਇਹ ਕਾਰੁਜ਼ਗਾਰੀ ਵਧੇਰੇ ਪ੍ਰਭਾਵਸ਼ਾਲੀ ਹੋ ਨਿਬੜਦੀ ਹੈ। ਸਮਕਾਲੀਨ ਅਤੇ ਵਕਤੀ ਸਮੱਸਿਆਵਾਂ ਨਾਲ ਜੁੜਦੀ ਹੋਣ ਕਾਰਣ ਪੰਜਾਬੀ ਸਟੇਜੀ ਕਵਿਤਾ ਦਾ ਪ੍ਰਭਾਵ ਭਾਵੇਂ ਚਿਰ ਸਥਾਈ ਨਹੀਂ ਹੁੰਦਾ ਪਰ ਇਸ ਵਿਚਲੀ ਗਹਿਰਾਈ ਕਾਰਨ ਇਹ ਸਮਾਜਿਕ ਵਿਕਾਸ ਵਿੱਚ ਵਿਲੱਖਣ ਯੋਗਦਾਨ ਪਾਉਂਦੀ ਹੈ।

ਇਹ ਸਟੇਜੀ ਕਾਵਿ ਪਰੰਪਰਾ ਮੁੱਖ ਤੌਰ ਤੇ ਧਾਰਮਿਕ, ਰਾਜਨੀਤਿਕ, ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰੋਮਾਂਟਿਕ ਆਦਿ ਵਿਸ਼ਿਆਂ ਨਾਲ ਸਬੰਧਿਤ ਹੁੰਦੀ ਹੈ। ਧਾਰਮਿਕ ਪਾਸਾਰਾਂ ਨੂੰ ਅਭਿਵਿਅਕਤ ਕਰਦੀ ਇਹ ਕਵਿਤਾ ਵਿਭਿੰਨ ਧਰਮਾਂ ਦੀਆਂ ਮਹਾਨ ਸ਼ਖਸੀਅਤਾਂ ਦੀ ਉਸਤਤ ਕਰਨ ਦੇ ਨਾਲ-ਨਾਲ ਰਹੱਸਵਾਦ ਦੇ ਵਿਭਿੰਨ ਪੱਖਾਂ ਨੂੰ ਵਿਚਾਰਦੀ ਹੈ। ਕਰਤਾਰ ਸਿੰਘ ਬਲੱਗਣ ਆਪਣੇ ਕਾਵਿ ਸੰਗ੍ਰਹਿ 'ਆਰਤੀ' ਵਿੱਚ ਗੁਰੂ ਨਾਨਕ ਦੇਵ ਨੂੰ ਸ਼ਰਧਾ ਸਮਰਪਿਤ ਕਰਦੇ ਲਿਖਦੇ ਹਨ :-

ਤੇਰੇ ਸੋਮਿਉਂ ਅੰਮ੍ਰਿਤ ਦਾ ਕੁੰਡ ਚਲਿਆ,
ਮੋਏ ਜਗਤ ਨੂੰ ਜਿਨ੍ਹੇ ਸੁਰਜੀਤ ਕੀਤਾ।
ਤੇਰੇ ਕਾਲਜੇ ਚੋਂ ਨਿਕਲੀ ਸ਼ਾਂਤੀ ਉਹ,
ਤਪਦਾ ਦੇਸ਼ ਜਿਸਨੇ ਠੰਡਾ ਸੀਤ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਅਤੇ ਹੋਰ ਸ਼ਹੀਦਾਂ ਦੀ ਸੂਰਬੀਰਤਾ ਸਬੰਧੀ ਕਵੀ 'ਸ਼ਹੀਦੀ ਖੁਮਾਰੀਆਂ' ਵਿੱਚ ਲਿਖਦਾ ਹੈ :-

ਅਮਰ ਰਹਿੰਦੀਆਂ ਨੇ ਜੱਗ ਤੇ ਉਹ ਕੌਮਾਂ,
ਜਿਦ੍ਹੇ ਬੀਰ ਕਿਧਰੇ ਘਾਲਾਂ ਘਾਲਦੇ ਨੇ।
ਛੰਨੇ ਖੋਪੜੀ ਦੇ ਫੜ੍ਹ ਕੇ ਪੁੱਤ ਜਿਸਦੇ,
ਆਪਣੀ ਕੌਮ ਨੂੰ ਅੰਮ੍ਰਿਤ ਪਿਆਲਦੇ ਨੇ।

ਬਲੱਗਣ ਸਮਾਜਿਕ ਤੌਰ ਤੇ ਚੇਤੰਨ ਕਵੀ ਹੈ ਜੋ ਸਾਹਿਤਕਾਰਾਂ/ਕਵੀਆਂ ਨੂੰ ਉਹਨਾਂ ਦੇ ਫਰਜ਼ਾਂ ਪ੍ਰਤੀ ਸੁਚੇਤ ਕਰਦਾ ਲਿਖਦਾ ਹੈ :-

ਜਾਗਿਓ ਨਾ ਤੂੰ ਤੇ ਕੌਣ ਕੌਮ ਜਗਾਏਗਾ,
ਪਾਂਧੀਆਂ ਨੂੰ ਮੰਜ਼ਲਾਂ ਦੇ ਰਾਹ ਕੌਣ ਪਾਏਗਾ।
ਏਸ ਵੇਲੇ ਕਾਮਿਆਂ ਨੂੰ ਨੀਂਦਰਾਂ ਦਾ ਕੀ ਏ ਲਾਗ,

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parametres of UGC by IJMER)
Volume:14, Issue:7(3), July, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

ਜਾਗ ਕਵੀ ਰਾਜ, ਜਾਗ।

ਵਿਧਾਤਾ ਸਿੰਘ ਤੀਰ ਸਮਾਜਿਕ ਵਿਸ਼ਿਆਂ ਨੂੰ ਅਭਿਵਿਅਕਤ ਕਰਦਾ ਹੈ। ਕਿਰਤੀ ਸ੍ਰੇਣੀ ਦੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਕਵੀ ਪੂੰਜੀਵਾਦ ਦੇ ਖ਼ਿਲਾਫ਼ ਇਨਕਲਾਬ ਲਿਆਉਣ ਲਈ ਪ੍ਰੇਰਦਾ 'ਕਾਲ ਕੂਕਾਂ' ਵਿੱਚ ਇਸ ਤਰ੍ਹਾਂ ਲਿਖਦਾ ਹੈ :-

ਪੂੰਜੀਵਾਦ ਮਦਾਨੋਂ ਬੱਚ ਕੇ,

ਕਿਧਰੇ ਵੀ ਹੁਣ ਜਾ ਨਹੀਂ ਸਕਦੇ।

ਰਲ ਹਥੌੜੇ ਅਤੇ ਦਾਤਰੀ,

ਲੈਣੀ ਹੱਥ ਹਕੂਮਤ ਸਾਰੀ।

ਦੁਨੀਆਂ ਵੇਖੇਗੀ ਅੱਜ ਕੱਲ੍ਹ ਨੂੰ,

ਜੰਗ ਹੋਏਗੀ ਜਗ ਵਿੱਚ ਭਾਰੀ।

ਇਹ ਸਟੇਜੀ ਕਵੀ ਸਮਕਾਲੀ ਸਮੱਸਿਆਵਾਂ ਦੇ ਪ੍ਰਤੀ ਜਿਥੇ ਚੇਤੰਨ ਨਜ਼ਰ ਆਉਂਦੇ ਹਨ ਉਥੇ ਇਹਨਾਂ ਵਿੱਚ ਰਾਸ਼ਟਰਵਾਦੀ ਭਾਵਨਾਵਾਂ ਉਮੜ-ਉਮੜ ਪੈਂਦੀਆਂ ਹਨ। *ਅਣਿਆਲੇ ਤੀਰ* ਪੁਸਤਕ ਵਿੱਚ ਵਿਧਾਤਾ ਸਿੰਘ ਤੀਰ ਲਿਖਦੇ ਹਨ :-

ਤੈਨੂੰ ਸਵਰਗ ਆਖਾਂ ਜਾਂ ਬਹਿਸਤ ਆਖਾਂ,

ਤੂੰ ਹੈ ਸਾਰਿਆਂ ਸੁੱਖਾਂ ਦੀ ਖਾਨ ਸੁਹਣੇ।

ਮੇਰੇ ਪ੍ਰਾਨ ਤੇ ਮੇਰਾ ਈਮਾਨ ਤੂੰ ਹੀ,

ਮੇਰੇ ਵਤਨ ਪਿਆਰੇ ਹਿੰਦੁਸਤਾਨ ਸੁਹਣੇ।

ਤੇਜਾ ਸਿੰਘ ਸਾਬਰ ਨੇ ਹਿੰਦੂ ਸਿੱਖ ਏਕਤਾ ਸਬੰਧੀ ਬੜੀਆਂ ਪ੍ਰਭਾਵਸ਼ਾਲੀ ਨਜ਼ਮਾਂ ਕਹੀਆਂ ਹਨ। ਉਹ ਆਪਣੀ ਕਵਿਤਾ 'ਹਿੰਦੂ ਸਿੱਖ ਨਹੀਂ ਹੋਣੇ ਦੋ' ਵਿੱਚ ਇਸ ਤਰ੍ਹਾਂ ਲਿਖਦਾ ਹੈ :-

ਦੋਹਾਂ ਦੇ ਹੀ ਭਾਗ ਨੇ ਸਾਂਝੇ।

ਰੋਣੇ ਧੋਣੇ ਰਾਗ ਨੇ ਸਾਂਝੇ।

ਰਿਸ਼ਤੇ ਨਾਤੇ ਸੁਹਾਗ ਨੇ ਸਾਂਝੇ।

ਸਜਨ ਸਾਂਝੇ ਰਾਗ ਨੇ ਸਾਂਝੇ।

ਸੱਚ ਨੂੰ ਲਈਏ ਕਿਵੇਂ ਲੁਕੋ.

ਹਿੰਦੂ ਸਿੱਖ ਨਹੀਂ ਹੋਣੇ ਦੋ।

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parametres of UGC by IJMER)
Volume:14, Issue:7(3), July, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

ਸਮਕਾਲੀਨ ਸਮੱਸਿਆਵਾਂ ਨਾਲ ਜੁੜਦੀ ਇਹ ਕਾਵਿ ਪਰੰਪਰਾ ਸਮਾਜਿਕ ਤੇ ਆਰਥਿਕ ਨਾ ਬਰਾਬਰੀ, ਭ੍ਰਿਸ਼ਟਾਚਾਰ, ਮਰਦ ਪ੍ਰਧਾਨ ਸਮਾਜ ਵਿਚਲੀ ਔਰਤ ਦੀ ਅਵਸਥਾ, ਸਮਾਜਿਕ ਰਿਸ਼ਤਿਆਂ ਦੀ ਟੁੱਟ ਭੱਜ, ਨਸ਼ੇਬੰਦੀ ਅਤੇ ਹੋਰ ਸਮਾਜਿਕ ਕੁਰੀਤੀਆਂ ਦੀ ਪੇਸ਼ਕਾਰੀ ਕਰਦੀ ਸਮਾਜ ਨੂੰ ਸੁਯੋਗ ਅਗਵਾਈ ਦਿੰਦੀ ਹੈ। ਤੇਜਾ ਸਿੰਘ ਸਾਬਰ 'ਨਿਰੀ ਅੱਗ' ਪੁਸਤਕ ਵਿੱਚ ਇਸ ਤਰ੍ਹਾਂ ਲਿਖਦਾ ਹੈ:

ਕਮਾਨਾਂ ਬਹੁਤ ਲਿਫੀਆਂ ਨੇ

ਓ ਤੀਰੇ ਦੇਸ਼ ਵਿੱਚ ਆਓ।

ਜ਼ੰਜੀਰਾਂ ਤਿੜਕ ਰਹੀਆਂ ਨੇ

ਅਸੀਰੇ ਹੋਸ਼ ਵਿੱਚ ਆਓ।

ਪੈਣੇ ਨੇ ਤਾਜ ਬਗਲੀ 'ਚ

ਫਕੀਰੋ ਹੋਸ਼ ਵਿੱਚ ਆਓ।

ਹਰ ਇੱਕ ਜ਼ੁੱਰਾ ਬਾਗੀ ਜੇ

ਅਮੀਰੋ ਹੋਸ਼ ਵਿੱਚ ਆਓ।

ਲਹੂ ਦੇ ਨਾਲ ਈ 'ਸਾਬਰ'

ਜ਼ਖ਼ਮ ਹੁਣ ਧੋਣ ਵਾਲਾ ਏ।

ਬੜਾ ਕੁਝ ਹੋਣ ਵਾਲਾ ਏ

ਬੜਾ ਕੁਝ ਹੋਣ ਵਾਲਾ ਏ।

ਇਹ ਕਵਿਤਾ ਪੰਜਾਬੀ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਪੱਛਮੀ ਸਭਿਅਤਾ ਦੇ ਮਾਰੂ ਅਸਰ ਤੋਂ ਬਚਾਉਣ ਲਈ ਲੋਕ ਸਮੂਹ ਨੂੰ ਜਾਗ੍ਰਿਤ ਕਰਦੀ ਹੈ। ਗੁਲਾਮੀ ਨੂੰ ਨਫਰਤ ਕਰਦੀ ਇਹ ਕਵਿਤਾ ਅਜ਼ਾਦੀ ਪ੍ਰਾਪਤੀ ਲਈ ਜਨ-ਸਮੂਹ ਨੂੰ ਨਾਲ ਜੋੜਦੀ ਹੈ। ਅੰਗਰੇਜ਼ਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨੂੰ ਗੁਲਾਮੀ ਦਾ ਕਾਰਣ ਮੰਨਦੀ ਹੈ। ਭ੍ਰਿਸ਼ਟ ਰਾਜਨੀਤਿਕ ਆਗੂਆਂ ਨੂੰ ਨਿੰਦਦੀ ਇਹ ਕਾਵਿ ਪਰੰਪਰਾ ਸਿੱਖ ਵਿਰੋਧੀ ਦੰਗਿਆਂ ਉਤੇ ਵੀ ਹੰਝੂ ਕੇਰਦੀ ਹੈ। ਉਪਰੋਕਤ ਵਿਸ਼ਿਆਂ ਤੋਂ ਇਲਾਵਾ ਸੂਖਮ ਭਾਵਾਂ ਦੀ ਅਭਿਵਿਅਕਤੀ ਕਰਦੇ ਰੋਮਾਂਟਿਕ ਵਿਸ਼ੇ ਵੀ ਮਿਲਦੇ ਹਨ। ਇਸ਼ਕ ਹਕੀਕੀ ਦੇ ਨਾਲ-ਨਾਲ ਇਸ਼ਕ ਮਜਾਜ਼ੀ ਦੀਆਂ ਗੱਲਾਂ ਵੀ ਇਹ ਕਵਿਤਾ ਕਰਦੀ ਹੈ। ਇਸ ਕਾਵਿ ਪਰੰਪਰਾ ਨੂੰ ਵਿਕਸਿਤ ਕਰਨ ਵਿੱਚ ਮੌਲਾ ਬਖਸ਼ ਕੁਸ਼ਤਾ, ਫ਼ੀਰੋਜ਼ਦੀਨ ਸਰਫ, ਵਿਧਾਤਾ ਸਿੰਘ ਤੀਰ, ਗੁਰਦੇਵ ਸਿੰਘ ਮਾਨ, ਹੀਰਾ ਸਿੰਘ ਦਰਦ, ਗੁਰਦਿੱਤ ਸਿੰਘ ਕੁੰਦਨ, ਸੁੰਦਰ ਦਾਸ ਆਸੀ, ਤੇਜਾ ਸਿੰਘ ਸਾਬਰ, ਪ੍ਰਕਾਸ਼ ਸ਼ਿਮਲਵੀ, ਪ੍ਰਕਾਸ਼ ਸਾਥੀ, ਦਰਸ਼ਨ ਸਿੰਘ ਅਵਾਰਾ, ਪ੍ਰੀਤਮ ਸਿੰਘ ਕਾਸਦ, ਚਰਨ ਸਿੰਘ ਸਫਰੀ, ਚਮਨ ਹਰਗੋਬਿੰਦਪੁਰੀ, ਰਾਮ ਨਰੈਣ ਸਿੰਘ ਦਰਦੀ, ਬਲਵੰਤ ਸਿੰਘ ਨਿਰਵੈਰ, ਵਿਧਾਤਾ ਸਿੰਘ ਕਮਾਲ, ਰਾਬਿੰਦਰ ਸਿੰਘ ਮਸਰੂਰ ਆਦਿ ਸਟੇਜੀ ਕਵੀਆਂ ਨੇ ਵੱਡਾ ਯੋਗਦਾਨ ਪਾਇਆ।

ਪੰਜਾਬੀ ਸਟੇਜੀ ਕਵਿਤਾ ਮੂਲ ਰੂਪ ਵਿੱਚ ਜਨ-ਸਮੂਹ ਨਾਲ ਜੁੜੀ ਹੋਈ ਹੈ। ਜਨ ਸਧਾਰਨ ਤੱਕ ਸਹਿਜਮਈ ਢੰਗ ਨਾਲ ਆਪਣੇ ਭਾਵਾਂ ਨੂੰ ਪਹੁੰਚਾਉਣ ਹਿੱਤ ਠੇਠ, ਸਰਲ ਤੇ ਪੰਜਾਬੀ ਮੁਹਾਵਰੇ ਵਾਲੀ ਭਾਸ਼ਾ ਦੀ ਵਰਤੋਂ ਹੋਈ ਮਿਲਦੀ ਹੈ। ਜਿਵੇਂ ਵਿਧਾਤਾ ਸਿੰਘ ਤੀਰ *ਰੂਪ ਰਾਣੀ ਸ਼ਕੁੰਤਲਾ* ਵਿੱਚ ਲਿਖਦੇ ਹਨ :-

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parametres of UGC by IJMER)
Volume:14, Issue:7(3), July, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

ਮੈਂ ਪਈ ਮੁੜ-ਮੁੜ ਐਸੀ ਪਾਵਾਂ,

ਚੂਰੀ ਪਾ-ਪਾ ਕਾਗ ਉਡਾਵਾ,

ਸਈਓ! ਸਾਰੇ ਸ਼ਗਨ ਮਨਾਵਾਂ,

ਜਦ ਉਹ ਵੇਖਾਂ ਆਂਦਾ ਨੀ,

ਜੋ ਨੈਣਾਂ ਵਿੱਚ ਸਮਾਂਦਾ ਨੀ।

ਲਹਿੰਦੀ ਭਾਸ਼ਾ ਵਿੱਚ ਪ੍ਰਗਟਾਏ ਭਾਵ ਦਰਦੀ ਕਾਵਿ ਵਿਚੋਂ ਮਿਲਦੇ ਹਨ :-

ਗਾਟੇ ਮੈਂਡੇ ਬਿਰਹੋਂ ਦੇ ਸੰਗਲ

ਜਿੰਦੜੀ ਮੈਂਡੀ ਸੂਲਾਂ ਵਿੰਨੀ।

ਮੈਂਡੇ ਨੈਣ ਝਲਾਰੀ ਵਾਹੁੰਦੇ

ਚੋਲੀ ਮੇਰੀ ਹੰਝੂਆਂ ਭਿੰਨੀ।

ਅੱਠੋਂ ਪਹਿਰ ਮੈਂ ਰੋਂਦੀ ਵੱਤਾਂ,

ਐਪਰ ਅੱਖ ਨ ਤੈਂਡੀ ਸਿੰਨੀ।

ਬਾਰਹਮਾਹ, ਸਤਵਾਰਾ, ਵਾਰ, ਗੀਤ ਆਦਿ ਲੋਕ ਕਾਵਿ ਰੂਪਾਂ ਤੋਂ ਇਲਾਵਾ ਰੁਬਾਈ, ਗਜ਼ਲ, ਕਿੱਸਾ ਅਤੇ ਮਹਾਂਕਾਵਿ ਵਰਗੇ ਕਾਵਿ ਰੂਪਾਂ ਉੱਤੇ ਵੀ ਸਟੇਜੀ ਕਵੀਆਂ ਨੇ ਹੱਥ ਅਜ਼ਮਾਇਆ ਹੈ। ਆਮ ਜਨ-ਜੀਵਨ ਵਿੱਚੋਂ ਉਪਮਾਵਾਂ ਲੈ ਕੇ ਸੂਖਮ ਭਾਵਾਂ ਅਤੇ ਤੀਖਣ ਅਨੁਭਵ ਨੂੰ ਸੁੰਦਰ ਸ਼ਬਦ ਚੋਣ ਅਤੇ ਜੜ੍ਹਤ ਨਾਲ ਅਭਿਵਿਅਕਤ ਕੀਤਾ ਹੈ। ਸ਼ਬਦ ਅਲੰਕਾਰਾਂ ਅਤੇ ਅਰਥ ਅਲੰਕਾਰਾਂ ਦੀਆਂ ਸੁੰਦਰ ਵੰਨਗੀਆਂ ਮਿਲਦੀਆਂ ਹਨ। ਸੁੰਦਰ ਬਿੰਬ ਯੋਜਨਾ ਇਸ ਕਾਵਿ ਦੀ ਖੂਬਸੂਰਤੀ ਨੂੰ ਹੋਰ ਵੀ ਵਧਾਉਂਦੀ ਹੈ।

ਸਟੇਜ ਨਾਲ ਸਬੰਧਤ ਹੋਣ ਕਾਰਣ ਇਸ ਕਾਵਿ ਪਰੰਪਰਾ ਦੀ ਵਿਲੱਖਣਤਾ ਇਸਦੇ ਲਿਖਤੀ ਰੂਪ ਨਾਲੋਂ ਮੰਚਕ ਪੇਸ਼ਕਾਰੀ ਵਿੱਚ ਵਧੇਰੇ ਹੈ। ਡਰਾਇੰਗ ਰੂਮ ਦੀ ਕਵਿਤਾ ਨਾ ਹੋ ਕੇ, ਜਨ-ਸਮੂਹ ਵਿੱਚ ਵਿਚਰਦੀ ਕਵਿਤਾ ਹੈ। ਜਿਹੜੀ ਲੋਕ ਸਮੂਹ ਦੀਆਂ ਸਮੱਸਿਆਵਾਂ ਨੂੰ ਵਧੇਰੇ ਚੰਗੀ ਤਰ੍ਹਾਂ ਮਹਿਸੂਸਦੀ ਅਤੇ ਅਭਿਵਿਅਕਤ ਕਰਦੀ ਹੈ। ਇਹ ਕਵਿਤਾ ਸਮਾਜ ਦੇ ਵਧੇਰੇ ਨੇੜੇ ਹੈ। ਸਧਾਰਨ ਲੋਕਾਂ ਨੂੰ ਜਾਤ-ਪਾਤ ਅਤੇ ਅੰਧ- ਵਿਸ਼ਵਾਸਾਂ ਦੀ ਨਿਰਾਰਥਕਤਾ ਪ੍ਰਤੀ ਚੇਤੰਨ ਕਰਨਾ ਅਤੇ ਚੇਤੰਨਤਾ ਦੀ ਲਹਿਰ ਪੈਦਾ ਕਰਨ ਦਾ ਜੋ ਉਪਰਾਲਾ ਸਾਡੀ ਪੰਜਾਬੀ ਸਟੇਜੀ ਕਵਿਤਾ ਨੇ ਕੀਤਾ ਹੈ, ਉਹ ਅਜੋਕੀ ਸਾਹਿਤਿਕ ਕਵਿਤਾ ਨਹੀਂ ਕਰ ਸਕੀ। ਹਾਲਾਂਕਿ ਅਸੀਂ ਇਸ ਕਵਿਤਾ ਨੂੰ ਸਾਹਿੱਤਕ ਨਾ ਮੰਨ ਕੇ ਇਸ ਨਾਲ ਅਨਿਆਂ ਕਰ ਰਹੇ ਹਾਂ ਜਦੋਂ ਕਿ ਸਾਹਿਤ ਦੇ ਮੂਲ ਉਦੇਸਾਂ ਅਤੇ ਤੱਤਾਂ ਉਤੇ ਸਟੇਜੀ ਕਵਿਤਾ ਹੀ ਪੂਰੀ ਉਤਰ ਰਹੀ ਹੈ। ਇਹ ਕਵਿਤਾ ਸਭਿਆਚਾਰਕ ਪੱਖੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਆਲੰਬਰਦਾਰ ਹੈ ਅਤੇ ਪੰਜਾਬੀ ਭਾਸਾਂ ਦਾ ਮਿਆਰ ਉੱਚਾ ਚੁੱਕ ਕੇ ਨਿਰੋਲ ਪੰਜਾਬੀ ਮੁਹਾਵਰਾ ਹੀ ਵਰਤ ਰਹੀ ਹੈ। ਇਹ ਕਾਵਿ ਪਰੰਪਰਾ ਆਧਨਿਕ ਪੰਜਾਬੀ ਕਵਿਤਾ ਦੀ ਵਿਚਾਰਧਾਰਾਈ ਪੱਧਰ ਉੱਤੇ ਅਗਵਾਈ ਕਰਨ ਕਰਕੇ ਪੰਜਾਬੀ ਸਾਹਿੱਤ ਦਾ ਅਨਮੋਲ ਖਜ਼ਾਨਾ ਬਣ ਗਈ ਹੈ।


Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :9.014(2025); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
( Fulfilled Suggests Parametres of UGC by IJMER)
Volume:14, Issue:7(3), July, 2025
Scopus Review ID: A2B96D3ACF3FEA2A
Article Received: Reviewed : Accepted
Publisher: Sucharitha Publication, India
Online Copy of Article Publication Available : www.ijmer.in

## ਪੁਸਤਕ- ਸੂਚੀ

ਅਰੋੜਾ, ਏ.ਸੀ, *ਪੰਜਾਬ ਦੀਆਂ ਲੋਕ ਲਹਿਰਾਂ,* ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1996

ਅੰਮ੍ਰਿਤ ਰਿਸ਼ਮਾਂ, "ਸਟੇਜੀ ਪੰਜਾਬੀ ਕਵਿਤਾ ਦਾ ਸਾਹਿੱਤਕ ਅਤੇ ਸਭਿਆਚਾਰਕ ਯੋਗਦਾਨ," ਪੰਜਾਬ ਯੂਨੀਵਰਸਿਟੀ ਦੀ ਪੀ.ਐਚ.ਡੀ. (ਪੰਜਾਬੀ) ਦੀ ਉਪਾਧੀ ਲਈ ਪ੍ਰਵਾਨਤ ਖੋਜ ਪ੍ਰਬੰਧ 2000

ਕੋਹਲੀ, ਸੁਰਿੰਦਰ ਸਿੰਘ, *ਪੰਜਾਬੀ ਸਾਹਿੱਤ ਦਾ ਇਤਿਹਾਸ,* ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1973 (ਭਾਗ ਪਹਿਲਾ)

ਕੋਮਲ, ਕ੍ਰਿਪਾਲ ਸਿੰਘ, *ਮੰਚ ਸੁਰਾਂ,* ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ 1990

ਕਾਂਗ, ਕੁਲਬੀਰ ਸਿੰਘ, *ਅੰਮ੍ਰਿਤਸਰ ਦੇ ਲੋਕ ਕਵੀ (ਸਟੇਜੀ),* ਪਟਿਆਲਾ, ਭਾਸ਼ਾ ਵਿਭਾਗ, ਪੰਜਾਬ 1976

ਤੀਰ, ਵਿਧਾਤਾ ਸਿੰਘ, *ਅਣਿਆਲੇ ਤੀਰ,* ਜਲੰਧਰ, ਨਿਊ ਬੁੱਕ ਕੰਪਨੀ, 1998

ਦਰਦੀ, ਰਾਮ ਨਰੈਣ ਸਿੰਘ, *ਸੀਸ ਦੀਆ ਪਰ ਸਿਰਰੁ ਨ ਦੀਆ,* ਲੁਧਿਆਣਾ, ਲਾਹੌਰ ਬੁੱਕ ਸ਼ੋਪ, 1975

---. *ਅਸਾਂ ਦੀ ਕੀਤਾ, ਤੁਸਾਂ ਕੀ ਕੀਤਾ,* ਲੁਧਿਆਣਾ, 1998

---. *ਇਸ਼ਕ ਅਸਾਂ ਨੂੰ ਲੋਰੀਆਂ ਦਿੱਤੀਆਂ,* ਲੁਧਿਆਣਾ, 1977

ਬਲੱਗਣ, ਕਰਤਾਰ ਸਿੰਘ, *ਆਰਤੀ,* ਅੰਮ੍ਰਿਤਸਰ, ਭਾਈ ਚਤਰ ਸਿੰਘ, ਜੀਵਨ ਸਿੰਘ, 1996

ਮੋਹਨ ਸਿੰਘ (ਪ੍ਰੋ:) ਤੇ ਹੋਰ, *ਕਰਤਾਰ ਸਿੰਘ ਬਲੱਗਣ ਦੀ ਚੋਣਵੀਂ ਰਚਨਾ,* ਪਟਿਆਲਾ, ਪੰਜਾਬੀ ਯੂਨੀਵਰਸਿਟੀ ਵਿਉਂਤ ਵਿਕਾਸ ਵਿਭਾਗ, 1978

ਬ੍ਰਹਮ ਜਗਦੀਸ਼ ਸਿੰਘ, *ਤੇਜਾ ਸਿੰਘ ਸਾਬਰ: ਜੀਵਨ ਤੇ ਰਚਨਾ,* ਪਟਿਆਲਾ ਪਬਲੀਕੇਸ਼ਨ ਬਿਊਰੋ, 1990

ਡਾ. ਗਰੋਵਰ, ਕਵਲਜੀਤ, ਵਿਧਾਤਾ ਸਿੰਘ ਤੀਰ, ਜੀਵਨ ਤੇ ਰਚਨਾ, ਪਟਿਆਲਾ ਪਬਲੀਕੇਸ਼ਨ ਬਿਊਰੋ, 1988

## ਰਸਾਲੇ

ਪੰਜਾਬੀ ਦੁਨੀਆਂ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, ਮਾਰਚ, 1957

ਖੋਜ ਪਤ੍ਰਿਕਾ, (ਆਧੁਨਿਕ ਕਾਵਿ ਅੰਕ) ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਸਤੰਬਰ, 1983